# ਪ੍ਰੈੱਸ ਨੋਟ

Ontario

ਮਨਿਸਟਰੀ ਆਫ਼ ਦ
ਐਟਰਨੀ ਜਨਰਲ

ਤੁਰੰਤ ਜਾਰੀ ਕੀਤੇ ਜਾਣ ਲਈ
15 ਨਵੰਬਰ, 2006

ਮੈਗਿੰਟੀ ਸਰਕਾਰ ਮਨੁੱਖੀ ਹੱਕਾਂ ਬਾਰੇ ਕਾਨੂੰਨ ਨੂੰ ਮਜ਼ਬੂਤ ਕਰੇਗੀ
*ਸੋਧਾਂ ਪ੍ਰਸਤਾਵਿਤ ਨਵੀਂ ਪ੍ਰਨਾਲੀ ਦਾ ਵੇਰਵਾ ਦੇਣਗੀਆਂ*

ਟੋਰੰਟੋ — ਬਿਲ 107, ਜਿਸ ਨੂੰ ਹਿਊਮਨ ਰਾਈਟਸ ਕੋਡ ਅਮੈਂਡਮੈਂਟ ਐਕਟ, 2006, ਵੀ ਆਖਿਆ ਜਾਂਦਾ ਹੈ, ਨੂੰ ਵਧੇਰੇ ਮਜ਼ਬੂਤ ਅਤੇ ਸਪਸ਼ਟ ਬਣਾਉਣ ਲਈ ਮੈਗਿੰਟੀ ਸਰਕਾਰ ਸੋਧਾਂ ਪੇਸ਼ ਕਰੇਗੀ, ਐਟਰਨੀ ਜਨਰਲ ਮਾਈਕਲ ਬ੍ਰਾਇਅੰਟ ਨੇ ਅੱਜ ਐਲਾਨ ਕੀਤਾ।

"ਅਸੀਂ ਯਕੀਨੀ ਬਣਾਉਣਾ ਚਾਹੁੰਦੇ ਹਾਂ ਕਿ ਓਨਟੇਰੀਓ ਮਨੁੱਖੀ ਹੱਕਾਂ ਦੀ ਹੌਸਲਾ-ਅਫ਼ਜ਼ਾਈ ਕਰਨ ਵਾਲੇ, ਵਿਤਕਰੇ ਦੇ ਵਿਰੋਧੀ, ਅਤੇ ਮਜ਼ਲੂਮਾਂ ਦੇ ਰਾਖੇ ਦੇ ਤੌਰ ਤੇ ਆਪਣਾ ਮੋਹਰੀ ਸਥਾਨ ਬਰਕਰਾਰ ਰੱਖਦਾ ਹੈ" ਬ੍ਰਾਇਅੰਟ ਨੇ ਕਿਹਾ। "ਜੋ ਕੁੱਝ ਵੀ ਅਸੀਂ ਚਲੰਤ ਮਸ਼ਵਰਿਆਂ ਦੌਰਾਨ, ਵਿਧਾਨਕ ਕਮੇਟੀ ਦੀਆਂ ਸੁਣਵਾਈਆਂ ਵਿੱਚ, ਅਤੇ ਓਨਟੇਰੀਓ ਹਿਊਮਨ ਰਾਈਟਸ ਟ੍ਰਿਬਿਊਨਲ ਦੀ ਚੀਫ਼ ਕਮਿਸ਼ਨਰ ਬਾਰਬਰਾ ਹਾਲ ਨਾਲ ਮੀਟਿੰਗਾਂ ਵਿੱਚ ਸੁਣਦੇ ਰਹੇ ਹਾਂ, ਬਿਲ 107 ਵਿੱਚ ਸਾਡੀਆਂ ਪ੍ਰਸਤਾਵਿਤ ਸੋਧਾਂ ਉਨ੍ਹਾਂ ਗੱਲਾਂ ਦੇ ਅਸਰ ਵਜੋਂ ਹਨ। ਪ੍ਰਸਤਾਵਿਤ ਕਾਨੂੰਨ ਮਨੁੱਖੀ ਹੱਕਾਂ ਬਾਰੇ ਸਾਡੀ ਪ੍ਰਨਾਲੀ ਨੂੰ ਵਧੇਰੇ ਮਜ਼ਬੂਤ, ਤੇਜ਼ ਅਤੇ ਅਸਰਦਾਰ ਬਣਾਵੇਗਾ।"

ਬਿਲ 107, ਜਾਂ ਹਿਊਮਨ ਰਾਈਟਸ ਕੋਡ ਅਮੈਂਡਮੈਂਟ ਐਕਟ, 2006, ਵਿਚਲੀਆਂ ਪ੍ਰਸਤਾਵਿਤ ਸੋਧਾਂ ਵਿੱਚ ਹੇਠ ਲਿਖੀਆਂ ਸ਼ਾਮਲ ਹਨ:

- ਓਨਟੇਰੀਓ ਹਿਊਮਨ ਰਾਈਟਸ ਟ੍ਰਿਬਿਊਨਲ ਵਿੱਚ ਹੱਲ ਦੀ ਭਾਲ ਕਰਨ ਵਾਲਿਆਂ ਲਈ ਕਾਨੂੰਨੀ ਸਹਾਰੇ ਦੀਆਂ ਸੇਵਾਵਾਂ ਸਥਾਪਤ ਕਰਨਾ, ਜਿਨ੍ਹਾਂ ਵਿੱਚ ਜਨਤਕ ਪੈਸੇ ਨਾਲ ਚਲਾਇਆ ਜਾਣ ਵਾਲਾ ਹਿਊਮਨ ਰਾਈਟਸ ਲੀਗਲ ਸੱਪੋਰਟ ਸੈਂਟਰ ਸਿਰਜਣਾ ਸ਼ਾਮਲ ਹੈ
- ਮਨੁੱਖੀ ਹੱਕਾਂ ਦੇ ਮਾਮਲਿਆਂ ਦੀ ਛਾਣ-ਬੀਣ ਕਰਨ, ਅਤੇ ਟ੍ਰਿਬਿਊਨਲ ਅੱਗੇ ਪੇਸ਼ ਸਭਨਾਂ ਮਾਮਲਿਆਂ ਵਿੱਚ ਮੁਦਾਖ਼ਲਤ ਦੇ ਇਸ ਦੇ ਹੱਕ ਸੰਬੰਧੀ ਕਮਿਸ਼ਨ ਦੀ ਤਾਕਤ ਵਧਾਉਣਾ
- ਆਪਣੀ ਮਰਜ਼ੀ ਨਾਲ, ਅਤੇ ਜਨਤਕ ਹਿਤ ਵਿੱਚ, ਕਾਰਵਾਈ ਕਰਨ ਸੰਬੰਧੀ ਕਮਿਸ਼ਨ ਦੀ ਤਾਕਤ ਵਧਾਉਣਾ। ਇਸ ਵਿੱਚ ਸਿੱਧਾ ਓਨਟੇਰੀਓ ਦੇ ਲੋਕਾਂ ਨੂੰ ਰਿਪੋਰਟ ਕਰਨਾ ਸ਼ਾਮਲ ਹੋਵੇਗਾ
- ਜ਼ਾਬਤੇ ਦਾ ਨਿਆਂਕਾਰੀ ਹੋਣਾ ਅਤੇ ਫੈਸਲੇ ਕਰਨ ਦੀ ਕਾਰਵਾਈ ਦਾ ਪਾਰਦਰਸ਼ੀ ਹੋਣਾ ਉਤਸ਼ਾਹਿਤ ਕਰਨ ਲਈ ਟ੍ਰਿਬਿਊਨਲ ਦੀਆਂ ਤਾਕਤਾਂ ਸਪਸ਼ਟ ਕਰਨਾ
- ਕਮਿਸ਼ਨ ਅਤੇ ਟ੍ਰਿਬਿਊਨਲ ਵਿੱਚ ਨਿਯੁਕਤੀਆਂ ਲਈ ਯੋਗਤਾ ਦੇ ਆਧਾਰ ਵਾਲੇ ਮਾਪਦੰਡ ਸਿਰਜਣਾ
- ਟ੍ਰਿਬਿਊਨਲ ਦੀ ਫੀਸਾਂ ਸਥਾਪਤ ਕਰਨ ਅਤੇ ਵਸੂਲ ਕਰਨ ਦੀ ਕਾਬਲੀਅਤ ਖ਼ਤਮ ਕਰਨਾ
- ਦਾਅਵਾ ਦਾਇਰ ਕਰਨ ਲਈ ਸਮੇਂ ਦੀ ਹੱਦ ਛੇ ਮਹੀਨੇ ਤੋਂ ਵਧਾ ਕੇ ਇੱਕ ਸਾਲ ਕਰਨਾ
- ਸਭ ਮੌਜੂਦ ਸ਼ਿਕਾਇਤਾਂ ਨੂੰ ਵਰਤਮਾਨ ਪ੍ਰਨਾਲੀ ਅਧੀਨ ਨਜਿੱਠਣ ਲਈ ਆਰਜ਼ੀ ਸ਼ਰਤਾਂ ਨੂੰ ਢੁਕਵਾਂ ਬਣਾਉਣਾ

"ਮੈਨੂੰ ਯਕੀਨ ਹੈ ਕਿ ਇਹ ਜੋ ਸੋਧਾਂ ਅਸੀਂ ਵਿਚਾਰ ਰਹੇ ਹਾਂ, ਓਨਟੇਰੀਓ ਵਿੱਚ ਮਨੁੱਖੀ ਹੱਕਾਂ ਦੀ ਰਾਖੀ ਅਤੇ ਇਨ੍ਹਾਂ ਨੂੰ ਵਧਾਉਣ ਲਈ ਇੱਕ ਮਜ਼ਬੂਤ ਪ੍ਰਨਾਲੀ ਬਣਾਉਣਗੀਆਂ," ਹਾਲ ਨੇ ਕਿਹਾ। "ਬਿਲ ਕਮਿਸ਼ਨ ਨੂੰ ਵੱਡੇ, ਪ੍ਰਨਾਲੀਬੱਧ ਮੁੱਦਿਆਂ ਪ੍ਰਤੀ ਅਗਾਊਂ ਅਤੇ ਨੀਤੀਬੱਧ ਪਹੁੰਚ ਅਪਣਾਉਣ ਦਾ ਇੱਕ ਇਤਿਹਾਸਕ ਮੌਕਾ ਦਿੰਦਾ ਹੈ। ਬਿਲ ਨੂੰ ਸੋਧਣ ਪ੍ਰਤੀ ਮੈਂ ਐਟਰਨੀ ਜਨਰਲ, ਟ੍ਰਿਬਿਊਨਲ ਦੇ ਚੇਅਰ ਅਤੇ ਹੋਰ ਦਾਅਵੇਦਾਰਾਂ ਨਾਲ ਕਰੀਬੀ ਤੌਰ ਤੇ ਮਿਲ ਕੇ ਕੰਮ ਕਰਨ ਪ੍ਰਤੀ, ਅਤੇ ਨਵੀਂ ਪ੍ਰਨਾਲੀ ਤਕ ਇੱਕ ਸੁਖਾਲੀ ਤਬਦੀਲੀ ਕਰਨ ਦਾ ਪੱਕਾ ਇਰਾਦਾ ਰੱਖਦੀ ਹਾਂ।"

…/2

"ਇਹ ਪ੍ਰਸਤਾਵਿਤ ਸੋਧਾਂ ਯਕੀਨੀ ਬਣਾਉਣਗੀਆਂ ਕਿ ਟ੍ਰਿਬਿਊਨਲ ਦੀਆਂ ਕਾਰਵਾਈਆਂ ਨਿਆਂਕਾਰੀ ਅਤੇ ਸਮੇਂ-ਸਿਰ ਹੋਣ," ਟ੍ਰਿਬਿਊਨਲ ਦੇ ਚੇਅਰ ਮਾਈਕਲ ਗੋਠੀਲ ਨੇ ਕਿਹਾ। "ਜੇ ਬਿਲ ਪਾਸ ਹੋ ਗਿਆ, ਤਾਂ ਜਿਉਂ-ਜਿਉਂ ਅਸੀਂ ਅੱਗੇ ਵਧਾਂਗੇ, ਮੇਰਾ ਇਰਾਦਾ ਟ੍ਰਿਬਿਊਨਲ ਦੇ ਨਿਯਮਾਂ ਅਤੇ ਜ਼ਾਬਤਿਆਂ ਬਾਰੇ ਜਨਤਕ ਤੌਰ ਤੇ ਮਸ਼ਵਰੇ ਕਰਨ ਦਾ ਹੈ।"

"ਮਨੁੱਖੀ ਹੱਕਾਂ ਦੇ ਸੁਧਾਰ ਦੀ ਫਾਈਲ ਵਿੱਚ ਹੋਰ ਵਧੇਰੇ ਰਿਪੋਰਟਾਂ ਨਾ ਲਾ ਕੇ, ਅਤੇ ਠੋਸ ਕਾਰਵਾਈ ਕਰਨ ਕਰ ਕੇ, ਅਸੀਂ ਸਰਕਾਰ ਦੀ ਤਾਰੀਫ਼ ਕਰਦੇ ਹਾਂ," ਚੈਠਮ-ਕੈਂਟ ਸੈਕਸੂਅਲ ਅਸਾਲਟ ਕ੍ਰਾਈਸਿਸ ਸੈਂਟਰ ਦੀ ਐਕਜ਼ੈਕਿਊਟਿਵ ਡਾਇਰੈਕਟਰ ਮਿਸ਼ੈਲ ਸ਼੍ਰਾਇਰ ਨੇ ਕਿਹਾ। "ਇਨ੍ਹਾਂ ਪ੍ਰਸਤਾਵਿਤ ਸੋਧਾਂ ਦਾ ਮਤਲਬ ਹੈ ਕਿ ਔਰਤਾਂ ਵਕਤ-ਸਿਰ ਸੁਣਵਾਈ ਹਾਸਲ ਕਰ ਸਕਦੀਆਂ ਹਨ, ਅਤੇ ਆਪਣੇ ਹੱਕ ਲਾਗੂ ਕਰਵਾ ਸਕਦੀਆਂ ਹਨ।"

"ਪ੍ਰਸਤਾਵਿਤ ਸੋਧਾਂ ਸੂਬੇ ਨੂੰ ਓਨਟੇਰੀਓ ਵਿੱਚ ਇੱਕ ਕਾਰਗਰ, ਅਸਰਦਾਰ ਅਤੇ ਪਹੁੰਚ ਵਿਚਲੀ ਮਨੁੱਖੀ ਹੱਕਾਂ ਦੀ ਪ੍ਰਣਾਲੀ ਯਕੀਨੀ ਬਣਾਉਣ ਦੇ ਨਿੱਗਰ ਤੌਰ ਤੇ ਨਜ਼ਦੀਕ ਲੈ ਆਉਣਗੀਆਂ," ਮਨੁੱਖੀ ਹੱਕਾਂ ਬਾਰੇ ਸਾਬਕਾ ਕਮਿਸ਼ਨਰ ਰੀਵਾ ਡੇਵਿਨਜ਼ ਨੇ ਕਿਹਾ। "ਇਨ੍ਹਾਂ ਅਹਿਮ ਕਦਮਾਂ ਨੂੰ ਚੁੱਕਣ ਤੇ ਸਰਕਾਰ ਦੀ ਸਿਫ਼ਤ ਕਰਨੀ ਬਣਦੀ ਹੈ।"

"ਸਾਡੀ ਮਨੁੱਖੀ ਅਧਿਕਾਰਾਂ ਦੀ ਪ੍ਰਣਾਲੀ ਵਿੱਚ ਸੁਧਾਰ ਹੌਲੀ-ਹੌਲੀ ਆਇਆ ਹੈ, ਪਰ ਵਧੇਰੇ ਅਧਿਐਨ ਕਰਦੇ ਰਹਿਣ ਦਾ ਸਮਾਂ ਹੁਣ ਖਤਮ ਚੁੱਕਿਆ ਹੈ," ਸਾਬਕਾ ਚੀਫ਼ ਕਮਿਸ਼ਨਰ ਰਾਜ ਆਨੰਦ ਨੇ ਕਿਹਾ। "ਪ੍ਰਸਤਾਵਿਤ ਸੋਧਾਂ ਨਾਲ, ਐਟਰਨੀ ਜਨਰਲ ਕਈ ਵਰ੍ਹਿਆਂ ਦੇ ਅਧਿਐਨਾਂ, ਰਿਪੋਰਟਾਂ ਅਤੇ ਸਿਫਾਰਸ਼ਾਂ ਨੂੰ ਅੰਜਾਮ ਦੇ ਰਿਹਾ ਹੈ। ਮਨੁੱਖੀ ਹੱਕਾਂ ਦੇ ਅਰਥ-ਭਰਪੂਰ ਅਤੇ ਅਸਰਦਾਰ ਤਰੀਕੇ ਨਾਲ ਲਾਗੂ ਕੀਤੇ ਜਾਣ ਲਈ ਪ੍ਰਤੀਬੱਧ ਹੋਣ ਤੇ ਮੈਂ ਮੈਗਿੰਟੀ ਸਰਕਾਰ ਦੇ ਹੌਸਲੇ ਦੀ ਤਾਰੀਫ਼ ਕਰਦਾ ਹਾਂ।"

ਮੈਗਿੰਟੀ ਸਰਕਾਰ ਓਨਟੇਰੀਓ ਦੇ ਮਜ਼ਲੂਮਾਂ ਦੀ ਤਰਫ਼ਦਾਰੀ ਕਰਦੀ ਹੈ। ਇਸੇ ਲਈ ਵਿਤਕਰੇ ਨੂੰ ਚੰਗੇਰੀ ਤਰ੍ਹਾਂ ਖਤਮ ਕਰਨ, ਅਤੇ ਸ਼ਿਕਾਇਤਾਂ ਦੇ ਵਧੇਰੇ ਨਿਆਂਕਾਰੀ ਅਤੇ ਕਾਰਗਰ ਹੱਲ ਲਈ ਇਹ ਓਨਟੇਰੀਓ ਦੀ ਮਨੁੱਖੀ ਹੱਕਾਂ ਦੀ ਪ੍ਰਣਾਲੀ ਨੂੰ ਆਧੁਨਿਕ ਅਤੇ ਮਜ਼ਬੂਤ ਬਣਾਉਣ ਦਾ ਸੁਝਾਅ ਦੇ ਰਹੀ ਹੈ। ਹੋਰ ਪਹਿਲਕਦਮੀਆਂ ਵਿੱਚ ਸ਼ਾਮਲ ਹਨ:

- ਐਕਸੈੱਸੀਬਿਲਿਟੀ ਫ਼ਾਰ ਓਨਟੇਰੀਅਨਜ਼ ਵਿਦ ਡਿਸਐਬਿਲੀਟੀਜ਼ ਐਕਟ, 2005, ਨੂੰ ਪਾਸ ਕਰਨਾ
- ਨਫ਼ਰਤ ਦੀ ਵਜ੍ਹਾ ਨਾਲ ਹੋਣ ਵਾਲੇ ਜ਼ੁਰਮਾਂ ਦੇ ਸ਼ਿਕਾਰ ਵਿਅਕਤੀਆਂ ਲਈ ਸੇਵਾਵਾਂ ਸੁਧਾਰਨ ਅਤੇ ਹੋਰ ਵਧੇਰੇ ਉਤਪੀੜਣ ਰੋਕਣ ਲਈ ਸਿਫਾਰਸ਼ਾਂ ਕਰਨ ਵਾਸਤੇ ਇੱਕ ਹੇਟ ਕ੍ਰਾਈਮਜ਼ ਕਮਿਊਨਿਟੀ ਵਰਕਿੰਗ ਗਰੁੱਪ ਦੀ ਸਥਾਪਨਾ ਕਰਨਾ
- ਅਜਿਹਾ ਵਿਧਾਨ ਲਿਆਉਣਾ ਜੋ, ਜੇ ਪਾਸ ਹੋ ਜਾਵੇ, ਪੁਲਿਸ ਦੀਆਂ ਕਾਰਵਾਈਆਂ ਤੇ ਪੜਚੋਲ ਕਰਨ ਵਾਲੀ ਪ੍ਰਣਾਲੀ ਕਾਇਮ ਕਰੇਗਾ ਅਤੇ ਪੁਲਿਸ ਵਿਰੁੱਧ ਸ਼ਿਕਾਇਤਾਂ ਦੀ ਪ੍ਰਣਾਲੀ ਦੇ ਪ੍ਰਬੰਧ ਲਈ ਇੱਕ ਆਜ਼ਾਦ ਸਿਵਲੀਅਨ ਅਦਾਰਾ ਸਿਰਜੇਗਾ।

- 30 -

ਸੰਪਰਕ:
ਗ੍ਰੈੱਗ ਕ੍ਰੋਨ
ਮਨਿਸਟਰੀ ਆਫ਼ ਦ ਐਟਰਨੀ ਜਨਰਲ
ਮੰਤਰੀ ਦਾ ਦਫ਼ਤਰ
*(416) 326-1785*

ਬ੍ਰੈਂਡਨ ਕ੍ਰਾਅਲੀ
ਕਮਿਊਨੀਕੇਸ਼ਨਜ਼ ਬ੍ਰਾਂਚ
*(416) 326-2210*

www.attorneygeneral.jus.gov.on.ca

ਆਮ ਟੈਲੀਫ਼ੋਨ ਪੁੱਛ-ਗਿੱਛ: 416-326-2220 ਜਾਂ 1-800-518-7901

ਦ੍ਰਿਸ਼ਟੀਹੀਣ ਵਿਅਕਤੀ ਇਸ ਦਸਤਾਵੇਜ਼ ਦਾ ਪਾਠ ਸੁਣਨ ਲਈ ਉਪ੍ਰੋਕਤ
ਨੰਬਰਾਂ ਤੇ ਫ਼ੋਨ ਕਰ ਸਕਦੇ ਹਨ।
ਟੀ.ਟੀ. ਵਾਈ.: 416-326-4012
ਇਸ ਦਸਤਾਵੇਜ਼ ਦਾ 14 ਬੋਲੀਆਂ ਵਿੱਚ ਤਰਜਮਾ ਕੀਤਾ ਜਾ ਰਿਹਾ ਹੈ।
ਇਹ ਤਰਜਮੇ ਛੇਤੀ ਹੀ www.attorneygeneral.jus.gov.on.ca ਤੇ ਉਪਲਬਧ ਹੋਣਗੇ।